# ਆਕਾਸ਼ਵਾਣੀ ਜਲੰਧਰ

# ਪ੍ਰਾਦੇਸ਼ਿਕ ਖਬਰਾਂ ਪੰਜਾਬੀ

# 18:20

## ਮਿਤੀ :15-05-2026

**ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾ**

- ਰਾਸ਼ਟਰੀ ਪ੍ਰੀਖਿਆ ਏਜੰਸੀ ਵਲੋਂ NEET UG -2026 ਦੀ ਮੁੜ ਪ੍ਰੀਖਿਆ, 21 ਜੂਨ ਨੂੰ ਕਰਵਾਉਣ ਦਾ ਐਲਾਨ I
- ਹਲਵਾਰਾ ਹਵਾਈ ਅੱਡੇ 'ਤੇ ਏਅਰ ਇੰਡੀਆ ਦੀ ਪਹਿਲੀ ਉਡਾਣ ਦੇ ਆਉਣ ਨਾਲ ਪੰਜਾਬ ਦਾ ਲੁਧਿਆਣਾ ਭਾਰਤ ਦੇ ਵਪਾਰਕ ਹਵਾਬਾਜ਼ੀ ਨੈੱਟਵਰਕ ਨਾਲ ਜੁੜਿਆ।
- -ਚੋਣ ਕਮਿਸ਼ਨ ਵਲੋਂ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਵਿਸ਼ੇਸ਼ ਤੀਬਰ ਸੋਧ 15 ਜੂਨ ਤੋਂ ।
- ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਗਰਜ-ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ।

• IPL ਕ੍ਰਿਕੇਟ ਵਿੱਚ ਅੱਜ, ਲਖਨਊ ਸੁਪਰ ਜਾਇੰਟਸ ਦਾ ਮੁਕਾਬਲਾ, ਲਖਨਊ ਵਿੱਚ, ਸ਼ਾਮੀ ਸਾਢੇ 7 ਵਜੇ, ਚੇਨਈ ਸੁਪਰ ਕਿੰਗਜ਼ ਨਾਲ ਹੋਵੇਗਾ।

-----------------------------------------------------------------

ਰਾਸ਼ਟਰੀ ਪ੍ਰੀਖਿਆ ਏਜੰਸੀ (NTA) ਨੇ ਐਲਾਨ ਕੀਤਾ ਏ ਕਿ NEET UG -2026 ਦੀ ਮੁੜ ਪ੍ਰੀਖਿਆ 21 ਜੂਨ ਨੂੰ ਹੋਵੇਗੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਏਜੰਸੀ ਨੇ ਉਮੀਦਵਾਰਾਂ ਅਤੇ ਮਾਪਿਆਂ ਨੂੰ ਸਿਰਫ਼ NTA ਦੇ ਅਧਿਕਾਰਤ ਚੈਨਲਾਂ 'ਤੇ ਭਰੋਸਾ ਕਰਨ ਦੀ ਅਪੀਲ ਕੀਤੀ ਏ। ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕਿਹਾ ਏ ਕਿ ਵਿਦਿਆਰਥੀ, ਸਰਕਾਰ ਦੀ ਤਰਜੀਹ ਨੇ ਅਤੇ ਸਰਕਾਰ ਉਨ੍ਹਾਂ ਦੀਆਂ ਚਿੰਤਾਵਾਂ ਪ੍ਰਤੀ ਸੰਵੇਦਨਸ਼ੀਲ ਏ। ਅੱਜ ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ, ਸ਼੍ਰੀ ਪ੍ਰਧਾਨ ਨੇ ਕਿਹਾ ਕਿ ਰਾਸ਼ਟਰੀ ਪ੍ਰੀਖਿਆ ਏਜੰਸੀ (NTA) ਨੇ 21 ਜੂਨ ਨੂੰ NEET-UG 2026 ਪ੍ਰੀਖਿਆ ਦੀ ਮੁੜ ਸਮਾਂ-ਸਾਰਣੀ ਦਾ ਐਲਾਨ ਕੀਤਾ ਏ। ਉਨ੍ਹਾਂ ਕਿਹਾ ਕਿ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ 14 ਜੂਨ ਤੱਕ ਦਾਖਲਾ ਕਾਰਡ ਉਪਲਬਧ ਕਰਵਾਏ ਜਾਣਗੇ। ਸ਼੍ਰੀ ਪ੍ਰਧਾਨ ਨੇ ਕਿਹਾ ਕਿ NEET-UG ਪ੍ਰੀਖਿਆ, ਜੋ ਕਿ ਵਰਤਮਾਨ ਵਿੱਚ OMR ਮੋਡ ਵਿੱਚ ਲਈ

ਜਾਂਦੀ ਏ , ਅਗਲੇ ਸਾਲ ਤੋਂ ਕੰਪਿਊਟਰ-ਅਧਾਰਤ ਟੈਸਟਿੰਗ (CBT) ਰਾਹੀਂ ਕਰਵਾਈ ਜਾਵੇਗੀ I BYTE:

ਸਿੱਖਿਆ ਮੰਤਰੀ ਨੇ ਕਿਹਾ ਕਿ NTA ਦੇ ਅੰਦਰ ਮਹੱਤਵਪੂਰਨ ਸੁਧਾਰਾਂ ਦੀ ਜਰੂਰਤ ਏ । ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕਿਸੇ ਵੀ ਬੇਨਿਯਮੀਆਂ ਨੂੰ ਰੋਕਣ ਲਈ ਪ੍ਰੀਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਉਪਾਅ ਕੀਤੇ ਜਾਣਗੇ। ਸ਼੍ਰੀ ਪ੍ਰਧਾਨ ਨੇ ਕਿਹਾ ਕਿ ਸਰਕਾਰ ਨਹੀਂ ਚਾਹੁੰਦੀ ਕਿ ਕੋਈ ਵੀ ਯੋਗ ਵਿਦਿਆਰਥੀ ਧੋਖਾਧੜੀ ਵਾਲੇ ਉਮੀਦਵਾਰਾਂ ਜਾਂ ਸਿੱਖਿਆ ਮਾਫੀਆ ਵਲੋਂ ਸਾਜ਼ਿਸ਼ਾਂ ਕਾਰਨ ਆਪਣੇ ਅਧਿਕਾਰਾਂ ਤੋਂ ਵਾਂਝਾ ਰਹੇ I BYTE:

ਇਸਤੋਂ ਪਹਿਲਾਂ, ਇਸ ਮਹੀਨੇ ਦੀ 3 ਤਰੀਕ ਨੂੰ ਹੋਣ ਵਾਲੀ ਪ੍ਰੀਖਿਆ ਕਥਿਤ ਪੇਪਰ ਲੀਕ ਕਾਰਨ ਰੱਦ ਕਰ ਦਿੱਤੀ ਗਈ ਸੀ, ਅਤੇ CBI ਇਸ ਮਾਮਲੇ ਦੀ ਜਾਂਚ ਕਰ ਰਹੀ ਏ ।

---------------------------------------------------------------------

ਪੰਜਾਬ ਵਿੱਚ, ਏਅਰ ਇੰਡੀਆ ਦੀ ਪਹਿਲੀ ਉਡਾਣ ਅੱਜ ਸਵੇਰੇ ਸਨਅਤੀ ਸ਼ਹਿਰ ਲੁਧਿਆਣਾ ਦੇ ਹਲਵਾਰਾ ਹਵਾਈ ਅੱਡੇ 'ਤੇ ਉਤਰੀ I 3 ਦਹਾਕੇ ਪੁਰਾਣੀ ਉਮੀਦ ਹਕੀਕਤ ਵਿੱਚ ਬਦਲਣ ਨਾਲ, ਸੈਂਕੜੇ ਸਨਅਤਕਾਰ ਅਤੇ ਹੋਰ ਲੋਕ ਖੁਸ਼ ਨਜ਼ਰ ਆਏ । ਇਸ ਉਡਾਣ ਦੇ ਨਾਲ, ਲੁਧਿਆਣਾ ਭਾਰਤ ਦੇ ਸਨਅਤੀ ਉਡਾਣ ਨਕਸ਼ੇ 'ਤੇ ਆ ਗਿਆ

ਏ । ਰੇਲ ਰਾਜ ਮੰਤਰੀ, ਰਵਨੀਤ ਸਿੰਘ ਬਿੱਟੂ, ਜੋ ਸੰਸਦ ਮੈਂਬਰਾਂ, ਵਿਕਰਮਜੀਤ ਸਾਹਨੀ ਅਤੇ ਰਾਜਿੰਦਰ ਗੁਪਤਾ ਅਤੇ ਹੋਰ ਮੁਸਾਫ਼ਰਾਂ ਦੇ ਨਾਲ ਦਿੱਲੀ ਤੋਂ ਲੁਧਿਆਣਾ ਲਈ ਸ਼ੁਰੂ ਹੋਈ ਉਡਾਣ ਵਿੱਚ ਸਵਾਰ ਹੋਏ , ਨੇ ਇਸ ਕਾਰਜ ਨੂੰ ਸਥਾਨਕ ਸਨਅੱਤ ਅਤੇ ਆਰਥਿਕ ਵਿਕਾਸ ਲਈ ਇੱਕ ਵੱਡਾ ਹੁਲਾਰਾ ਦੱਸਿਆ। ਏਅਰ ਇੰਡੀਆ ਨੇ ਆਪਣੀਆਂ ਉਡਾਣਾਂ ਦਿੱਲੀ ਰਾਹੀਂ, ਬਰਤਾਨੀਆ ਅਤੇ ਰੋਮ, ਮਿਲਾਨ ਅਤੇ ਪੈਰਿਸ ਸਮੇਤ ਬਾਕੀ ਯੂਰਪ ਦੇ ਸਥਾਨਾਂ ਲਈ ਕੌਮਾਂਤਰੀ ਸੰਪਰਕ ਸੰਭਵ ਹੋ ਸਕੇਗਾ । ਤੈਅ ਪ੍ਰੋਗਰਾਮ ਮੁਤਾਬਿਕ ਦੇ ਤਹਿਤ, ਉਡਾਣ AI-481 ਸਵੇਰੇ 5 ਵੱਜਕੇ 55 ਮਿੰਟ ਦਿੱਲੀ ਤੋਂ ਰਵਾਨਾ ਹੋਵੇਗੀ ਅਤੇ ਸਵੇਰੇ 7 ਵੱਜਕੇ 5 ਮਿੰਟ ਤੇ ਹਲਵਾਰਾ ਪਹੁੰਚੇਗੀ, ਇਸ ਤੋਂ ਬਾਅਦ ਵਾਪਸੀ ਸੇਵਾ AI-482 ਹਲਵਾਰਾ ਤੋਂ ਸਵੇਰੇ 7 ਵੱਜਕੇ 55 ਵਜੇ ਰਵਾਨਾ ਹੋਵੇਗੀ ਅਤੇ ਸਵੇਰੇ 9 ਵਜਕੇ 10 ਮਿੰਟ ਦਿੱਲੀ ਪਹੁੰਚੇਗੀ। ਇਸ ਤੋਂ ਪਹਿਲਾਂ, ਹਲਵਾਰਾ ਹਵਾਈ ਅੱਡੇ 'ਤੇ ਟਰਮੀਨਲ ਇਮਾਰਤ ਦਾ ਉਦਘਾਟਨ ਇਸ ਸਾਲ 1 ਫਰਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ।

------------------------------------------------------------------

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਟ੍ਰਿਬਿਊਨ ਚੌਕ ਫਲਾਈ-ਓਵਰ ਲਈ ਦਰੱਖਤਾਂ ਦੀ ਕਟਾਈ 'ਤੇ ਰੋਕ ਲਗਾ ਦਿੱਤੀ ਏ I ਇਸ ਨਾਲ ਤਜਵੀਜ਼ਸ਼ੁਦਾ ਪ੍ਰੋਜੈਕਟ ਰੁਕ ਗਿਆ ਏ । ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਡਿਵੀਜ਼ਨ ਬੈਂਚ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਪਹਿਲਾਂ ਹੀ ਹੋ ਚੁੱਕੀ ਏ ਅਤੇ ਜਲਦੀ ਹੀ ਇਸ ਦਾ ਫੈਸਲਾ ਹੋਣ ਦੀ ਸੰਭਾਵਨਾ ਏ। ਬੈਂਚ ਨੇ ਕਿਹਾ ਕਿ ਅਜਿਹੇ ਸਮੇਂ ਇਹ ਠੀਕ ਹੋਵੇਗਾ ਕਿ ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਪ੍ਰਤੀਵਾਦੀਆਂ ਨੂੰ ਟ੍ਰਿਬਿਊਨ ਚੌਕ ਦੇ ਕਿਸੇ ਵੀ ਅੰਬ ਦੇ ਦਰੱਖਤ ਜਾਂ ਕਿਸੇ ਹੋਰ ਦਰੱਖਤ ਨੂੰ ਕੱਟਣ ਤੋਂ ਰੋਕਿਆ ਜਾਵੇ। ਹਾਲਾਂਕਿ, ਬੈਂਚ ਨੇ ਕਿਹਾ ਕਿ ਅੰਤਰਿਮ ਨਿਰਦੇਸ਼ ਪਟੀਸ਼ਨ ਦੇ ਅੰਤਿਮ ਨਤੀਜੇ ਦੇ ਅਧੀਨ ਰਹੇਗਾ। ਬੈਂਚ ਨੇ ਚੰਡੀਗੜ੍ਹ ਦੇ ਇਸ ਕਦਮ ਨੂੰ ਸ਼ਹਿਰ ਦੀ ਵਿਰਾਸਤ ਖਿਲਾਫ ਵੀ ਕਰਾਰ ਦਿੱਤਾ।

--------------------------------------------------

ਚੋਣ ਕਮਿਸ਼ਨ ਨੇ 15 ਜੂਨ ਤੋਂ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਵਿਸ਼ੇਸ਼ ਤੀਬਰ ਸੋਧ (SIR) ਕਰਨ ਦਾ ਐਲਾਨ ਕੀਤਾ ਏ । ਚੰਡੀਗੜ੍ਹ ਵੋਟਰਾਂ ਦੀ ਅੰਤਿਮ ਸੂਚੀ 22 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਕੁੱਲ ਮਿਲਾ ਕੇ, SIR ਆਪਣੇ ਤੀਜੇ ਗੇੜ ਤਹਿਤ ਦੇਸ਼ ਭਰ

ਦੇ 16 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕੀਤੀ ਜਾਵੇਗੀ। ਅੱਜ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਖੁਲਾਸਾ ਕਰਦੇ ਹੋਏ, ਕੇਂਦਰ ਸ਼ਾਸਤ ਪ੍ਰਦੇਸ਼ ਦੇ ਮੁੱਖ ਚੋਣ ਅਧਿਕਾਰੀ ਪ੍ਰੇਰਨਾ ਪੂਰੀ ਨੇ ਦਸਿਆ ਕਿ 614 ਬੂਥ ਪੱਧਰੀ ਅਧਿਕਾਰੀ, 15 ਜੂਨ ਤੋਂ 14 ਜੁਲਾਈ ਤੱਕ, ਸ਼ਹਿਰ ਦੇ 5 ਲੱਖ, 18 ਹਜ਼ਾਰ ਅਤੇ 663 ਵੋਟਰਾਂ ਦੇ ਵੇਰਵੇ ਇਕੱਠੇ ਕਰਨ ਲਈ ਘਰ-ਘਰ ਦੌਰੇ ਸ਼ੁਰੂ ਕਰਨਗੇ। **BYTE--**

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ SIR ਯੋਗ ਅਤੇ ਅਯੋਗ ਵੋਟਰਾਂ ਦਾ ਪਤਾ ਲਗਾਏਗਾ। **BYTE--**

ਇਸ ਦੌਰਾਨ, ਸ਼੍ਰੀਮਤੀ ਪੁਰੀ ਵਲੋਂ ਰਾਜਨੀਤਿਕ ਪਾਰਟੀਆਂ ਨੂੰ ਵਿਸ਼ੇਸ਼ ਤੀਬਰ ਸੋਧ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦੇਣ ਲਈ ਇੱਕ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਰਾਸ਼ਟਰੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਵਿੱਚ ਆਖਰੀ ਤੀਬਰ ਸੋਧ ਸਾਲ 2002 ਵਿੱਚ ਕੀਤੀ ਗਈ ਸੀ। ਤੇਜ਼ੀ ਨਾਲ ਸ਼ਹਿਰੀਕਰਨ, ਨਿਰੰਤਰ ਪ੍ਰਵਾਸ, 18 ਸਾਲ ਦੀ ਉਮਰ ਪ੍ਰਾਪਤ ਕਰਨ ਵਾਲੇ ਨੌਜਵਾਨ ਨਾਗਰਿਕਾਂ ਅਤੇ ਵੋਟ ਪਾਉਣ ਦੇ ਯੋਗ ਬਣਨ, ਮੌਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਦੇਰੀ ਅਤੇ ਵੋਟਰ ਸੂਚੀ ਵਿੱਚ ਗੈਰ-ਕਾਨੂੰਨੀ ਵਿਦੇਸ਼ੀ ਨਾਗਰਿਕਾਂ ਦੇ ਨਾਮ ਸ਼ਾਮਲ ਕਰਨ ਦੇ ਮੱਦੇਨਜ਼ਰ, ਇਹ

ਤੀਬਰ ਸੋਧ ਇੱਕ ਗਲਤੀ-ਮੁਕਤ ਅਤੇ ਭਰੋਸੇਯੋਗ ਵੋਟਰ ਸੂਚੀ ਤਿਆਰ ਕਰਨ ਲਈ ਜ਼ਰੂਰੀ ਹੋ ਗਈ ਏ । SIR ਦੀ ਯੋਗਤਾ ਤਰੀਕ ਪਹਿਲੀ ਜੁਲਾਈ 2026 ਏ ।

-----------------------------------------------------------------

ਸੰਗਰੂਰ ਦੀ ਗਊਸ਼ਾਲਾ ਦੇ ਨਵੀਨੀਕਰਨ ਲਈ 50 ਲੱਖ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਗਊਧਨ ਦੀ ਸੁਚੱਜੀ ਸੰਭਾਲ ਦੇ ਉਦੇਸ਼ ਨਾਲ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਏ । ਊਨਾ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸੁਵਿਧਾਵਾਂ ਦੇਣ ਦੇ ਨਾਲ-ਨਾਲ ਗਊਧਨ ਦੀ ਸੰਭਾਲ ਅਤੇ ਸੁਰੱਖਿਆ ਲਈ ਵੀ ਪੂਰੀ ਤਰ੍ਹਾਂ ਵਚਨਬੱਧ ਏ । ਉਨ੍ਹਾਂ ਕਿਹਾ ਕਿ ਗਊਸ਼ਾਲਾ ਉਭਾਵਾਲ ਰੋਡ ਦੇ ਨਵੀਨੀਕਰਨ ਨਾਲ ਗਊਧਨ ਦੀ ਦੇਖਭਾਲ ਵਿੱਚ ਵੱਡੀ ਰਾਹਤ ਮਿਲੇਗੀ।ਇਸ ਦੇ ਨਾਲ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਐਮਰਜੈਂਸੀ ਹਾਲਾਤ ਵਿੱਚ ਇਲਾਜ ਸਬੰਧੀ ਸੇਵਾਵਾਂ ਵੀ ਤੇਜ਼ੀ ਨਾਲ ਮੁਹੱਈਆ ਹੋਣ।

-----------------------------------------------------------------

ਗੁਰਦਾਸਪੁਰ ਪੁਲਿਸ ਨੇ ਡਕੈਤੀ ਦੀ ਯੋਜਨਾ ਨਾਕਾਮ ਕਰਦਿਆਂ 6 ਮੁਲਜ਼ਮਾਂ ਨੂੰ, ਇਕ ਪਿਸਤੌਲ, ਮੈਗਜ਼ੀਨ, 4 ਰੌਂਦ ਅਤੇ

ਹਥਿਆਰਾਂ  ਸਮੇਤ ਕੀਤਾ ਕਾਬੂ ਕੀਤਾ ਏ । ਗੁਰਦਾਸਪੁਰ ਦੇ ਸੀਨੀਅਰ ਪੁਲਿਸ ਕਪਤਾਨ ਆਦਿੱਤਿਆ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਵੇਰਵੇ ਸਾਂਝੇ ਕਰਦਿਆਂ ਦਸਿਆ **BYTE:RNU150526**

----------------------------------------------------------

ਪਠਾਨਕੋਟ ਪੁਲਿਸ ਨੇ ਚੋਰੀ ਹੋਏ ਅਤੇ ਗੁੰਮ ਹੋਏ ਕਰੀਬ 120 ਮੋਬਾਈਲ ਫੋਨ ਬਰਾਮਦ ਕਰਕੇ ਉਨ੍ਹਾਂ ਨੂੰ  ਅਸਲ ਮਾਲਕਾਂ ਨੂੰ ਸੌਂਪਿਆ । ਪਠਾਨਕੋਟ ਐਸਐਸਪੀ ਦਲਜਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਜਨਤਕ ਸ਼ਿਕਾਇਤਾਂ ਦੇ ਆਧਾਰ 'ਤੇ ਨਿਰੰਤਰ ਕਾਰਵਾਈ ਕਰਕੇ ਇਨ੍ਹਾਂ ਮੋਬਾਈਲ ਫੋਨਾਂ ਨੂੰ ਟਰੇਸ ਕੀਤਾ ਗਿਆ। ਉਨ੍ਹਾਂ  ਕਿਹਾ ਕਿ ਆਧੁਨਿਕ ਤਕਨਾਲੋਜੀ ਅਤੇ CEIR ਪੋਰਟਲ ਦੀ ਮਦਦ ਨਾਲ ਚੋਰੀ ਹੋਏ ਅਤੇ ਗੁੰਮ ਹੋਏ ਮੋਬਾਈਲ ਫੋਨਾਂ ਨੂੰ ਲੱਭਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਸਾਨ ਹੋ ਗਿਆ ਏ । ਪੁਲਿਸ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਮੋਬਾਈਲ ਫੋਨ ਗੁੰਮ ਜਾਂ ਚੋਰੀ ਹੋ ਜਾਂਦੇ ਹਨ ਤਾਂ ਤੁਰੰਤ ਸ਼ਿਕਾਇਤਾਂ ਦਰਜ ਕਰਨ ਤਾਂ ਜੋ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਪਠਾਨਕੋਟ ਪੁਲਿਸ ਨੇ ਕਿਹਾ ਕਿ ਜਨਤਾ ਦੀ ਸੇਵਾ ਅਤੇ ਸੁਰੱਖਿਆ ਲਈ ਇਸੇ ਤਰ੍ਹਾਂ ਦੀਆਂ ਮੁਹਿੰਮਾਂ ਜਾਰੀ

ਰਹਿਣਗੀਆਂ। ਲੋਕਾਂ ਨੇ ਪੁਲਿਸ ਦਾ ਆਪਣੇ ਮੋਬਾਈਲ ਫੋਨ ਬਰਾਮਦ ਕਰਨ ਲਈ ਧੰਨਵਾਦ ਕੀਤਾ।

---------------------------------------------------

ਮਾਨਸਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਭੂਚਾਲ ਵਰਗੀ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਇੱਕ ਵਿਸ਼ੇਸ਼ ਮੌਕ ਡਰਿੱਲ ਕਰਵਾਈ ਗਈ। ਡਿਪਟੀ ਕਮਿਸ਼ਨਰ ਨਵਜੋਤ ਕੌਰ ਦੀ ਅਗਵਾਈ ਹੇਠ ਹੋਏ ਇਸ ਅਭਿਆਸ ਦਾ ਮੁੱਖ ਉਦੇਸ਼ ਭੂਚਾਲ ਆਉਣ ਦੀ ਸੂਰਤ ਵਿੱਚ ਜਾਨੀ-ਮਾਲੀ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਪ੍ਰਸ਼ਾਸਨਿਕ ਤਿਆਰੀਆਂ ਨੂੰ ਪਰਖਣਾ ਸੀ । ਇਸ ਵਿੱਚ ਸਿਵਲ ਪ੍ਰਸ਼ਾਸਨ, 7ਵੀਂ ਬਟਾਲੀਅਨ ਐਨ.ਡੀ.ਆਰ.ਐੱਫ  ਬਠਿੰਡਾ, ਪੁਲੀਸ, ਪੰਜਾਬ  ਹੋਮਗਾਰਡਜ਼, ਫਾਇਰ ਬ੍ਰਿਗੇਡ, ਸਿਹਤ ਵਿਭਾਗ ਅਤੇ ਵਲੰਟੀਅਰਾਂ ਨੇ ਪੂਰੀ ਮੁਸਤੈਦੀ ਨਾਲ ਹਿੱਸਾ ਲਿਆ। ਲੋਕਾਂ ਨੂੰ ਜਾਗਰੂਕ ਕਰਨ ਅਤੇ ਹੰਗਾਮੀ ਸਥਿਤੀ ਲਈ ਤਿਆਰ ਕਰਨ ਦੇ ਉਦੇਸ਼ ਨਾਲ ਕਰਵਾਈ ਗਈ । ਇਹ ਅਭਿਆਸ ਲਗਭਗ ਅੱਧਾ ਘੰਟਾ ਚੱਲਿਆ, ਜਿਸ ਦੌਰਾਨ ਭੂਚਾਲ ਮੌਕੇ ਖੁਦ ਨੂੰ ਸੁਰੱਖਿਅਤ ਰੱਖਣ ਅਤੇ ਦੂਜਿਆਂ ਦੀ ਮਦਦ ਕਰਨ ਦੇ ਤਰੀਕਿਆਂ ਦਾ ਪ੍ਰਦਰਸ਼ਨ ਕੀਤਾ ਗਿਆ।

---------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਗਰਜ-ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ ਏ । ਇਸਦੇ ਨਾਲ 17 ਤੋਂ 21 ਮਈ ਤੱਕ ਇਹਨਾਂ ਦੋਵਾਂ ਸੂਬਿਆਂ ਵਿੱਚ ਕਈ ਥਾਵਾਂ 'ਤੇ ਭਾਰੀ ਗਰਮੀ ਪੈਣ ਬਾਰੇ YELLOW ਅਲਰਟ ਜਾਰੀ ਕੀਤਾ ਗਿਆ ਏ । ਇਸ ਦੌਰਾਨ ਪੰਜਾਬ ਵਿੱਚ 41 ਡਿਗਰੀ ਤਾਪਮਾਨ ਨਾਲ ਬਠਿੰਡਾ ਸਭ ਤੋਂ ਗਰਮ ਸ਼ਹਿਰ ਰਿਹਾ , ਜਦਕਿ ਹਰਿਆਣਾ ਵਿੱਚ ਵੱਧ ਤੋਂ ਵੱਧ ਤਾਪਮਾਨ 40.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ।

---------------------------------------------------

IPL ਕ੍ਰਿਕੇਟ ਵਿੱਚ ਅੱਜ, ਲਖਨਊ ਸੁਪਰ ਜਾਇੰਟਸ ਦਾ ਮੁਕਾਬਲਾ, ਲਖਨਊ ਦੇ ਭਾਰਤ ਰਤਨ ਸ਼੍ਰੀ ਅਟਲ ਬਿਹਾਰੀ ਵਾਜਪਾਈ ਏਕਾਨਾ ਕ੍ਰਿਕੇਟ ਸਟੇਡੀਅਮ ਵਿੱਚ, ਚੇਨਈ ਸੁਪਰ ਕਿੰਗਜ਼ ਨਾਲ ਹੋਵੇਗਾ । ਇਹ ਮੈਚ ਸ਼ਾਮੀ ਸਾਢੇ 7 ਵਜੇ ਸ਼ੁਰੂ ਹੋਵੇਗਾ ।

---------------------------------------------------

- ਰਾਸ਼ਟਰੀ ਪ੍ਰੀਖਿਆ ਏਜੰਸੀ ਵਲੋਂ NEET UG -2026 ਦੀ ਮੁੜ ਪ੍ਰੀਖਿਆ, 21 ਜੂਨ ਨੂੰ ਕਰਵਾਉਣ ਦਾ ਐਲਾਨ I
- ਹਲਵਾਰਾ ਹਵਾਈ ਅੱਡੇ 'ਤੇ ਏਅਰ ਇੰਡੀਆ ਦੀ ਪਹਿਲੀ ਉਡਾਣ ਦੇ ਆਉਣ ਨਾਲ ਪੰਜਾਬ ਦਾ ਲੁਧਿਆਣਾ ਭਾਰਤ ਦੇ ਵਪਾਰਕ ਹਵਾਬਾਜ਼ੀ ਨੈੱਟਵਰਕ ਨਾਲ ਜੁੜਿਆ।
- -ਚੋਣ ਕਮਿਸ਼ਨ ਵਲੋਂ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਵਿਸ਼ੇਸ਼ ਤੀਬਰ ਸੋਧ 15 ਜੂਨ ਤੋਂ ।
- ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਗਰਜ-ਚਮਕ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਤੇਜ਼ ਹਵਾਵਾਂ ਚੱਲਣ ਦੀ ਪੇਸ਼ੀਨਗੋਈ ਕੀਤੀ।
  - IPL ਕ੍ਰਿਕੇਟ ਵਿੱਚ ਅੱਜ, ਲਖਨਊ ਸੁਪਰ ਜਾਇੰਟਸ ਦਾ ਮੁਕਾਬਲਾ, ਲਖਨਊ ਵਿੱਚ, ਸ਼ਾਮੀ ਸਾਢੇ 7 ਵਜੇ, ਚੇਨਈ ਸੁਪਰ ਕਿੰਗਜ਼ ਨਾਲ ਹੋਵੇਗਾ ।

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**